ਖੇਤਰੀ ਉਪ ਨਿਰਦੇਸ਼ਕ,
ਸ਼ਹਿਰੀ ਸਥਾਨਕ ਸੰਸਥਾਵਾਂ,
ਲੁਧਿਆਣਾ- 141001

Regional Deputy Director,
Urban Local Bodies,
Ludhiana - 141001

ਫੋਨ ਨੰ. 0161-5031741 ਈਮੇਲ: ddlgldh@yahoo.co.in

ਸੇਵਾ ਵਿਖੇ

ਸੀ.ਈ.ਓ.,
ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ,
ਪੰਜਾਬ, ਚੰਡੀਗੜ੍ਹ।

ਨੰਬਰ ਡਡਸਸ-ਸ3//2017/ 23938
ਮਿਤੀ 18.10.2017

ਵਿਸ਼ਾ:- ਵਾਟਰ ਸਪਲਾਈ ਅਤੇ ਸੀਵਰੇਜ਼ ਦੀਆਂ ਸਕੀਮਾਂ ਪੰਜਾਬ ਵਾਟਰ ਸਪਲਾਈ ਸੀਵਰ ਬੋਰਡ ਨੂੰ ਸੌਂਪਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਹੈ ਕਿ ਮਾਨਯੋਗ ਡਿਪਟੀ ਕਮਿਸ਼ਨਰ, ਲੁਧਿਆਣਾ ਜੀ ਵਲੋਂ ਮਿਤੀ 29.9.2017 ਨੂੰ ਜਿਲਾ ਲੁਧਿਆਣਾ ਦੇ ਅੰਦਰ ਪੈਂਦੀਆਂ ਨਗਰ ਕੌਂਸਲਾਂ ਦੇ ਕਾਰਜ ਸਾਧਕ ਅਫਸਰਾਂ ਅਤੇ ਸੀਵਰੇਜ਼ ਬੋਰਡ ਮੰਡਲ-1 ਲੁਧਿਆਣਾ ਦੇ ਅਧਿਕਾਰੀਆਂ ਨਾਲ ਇੱਕ ਮੀਟਿੰਗ ਕੀਤੀ ਗਈ । ਇਸ ਮੀਟਿੰਗ ਵਿਚ ਪ੍ਰਧਾਨ, ਨਗਰ ਕੌਂਸਲ, ਦੋਰਾਹਾ, ਸ.ਬੰਤ ਸਿੰਘ ਦੋਬੁਰਜੀ ਵਲੋਂ ਮਾਨਯੋਗ ਡਿਪਟੀ ਕਮਿਸ਼ਨਰ, ਲੁਧਿਆਣਾ ਜੀ ਨੂੰ ਲਿਖੇ ਪੱਤਰ ਵਿਚ ਦਰਸਾਈ ਸਮੱਸਿਆ ਤੇ ਵਿਚਾਰ ਕੀਤਾ ਗਿਆ ।

ਨਗਰ ਕੌਂਸਲ ਦੋਰਾਹਾ, ਤੋ ਆਏ ਸਹਾਇਕ ਮਿਉਂਸਪਲ ਇੰਜੀਨਿਅਰ ਵਲੋਂ ਦੱਸਿਆ ਗਿਆ ਕਿ ਨਗਰ ਕੌਂਸਲ ਦੀ ਹਦੂਦ ਅੰਦਰ 3 ਐਸ.ਟੀ.ਪੀ. ਗਲਾਡਾ ਵਲੋਂ ਲਗਾਏ ਗਏ ਹਨ। ਜਿਹਨਾਂ ਵਿਚੋਂ ਪਿੰਡ ਅੜੈਚਾਂ ਅਤੇ ਪਿੰਡ ਦੋਰਾਹਾ ਦੇ ਐਸ.ਟੀ.ਪੀ. ਨਾਮ ਮਾਤਰ ਹੀ ਚਲਦੇ ਹਨ। ਇਹਨਾਂ ਐਸ.ਟੀ.ਪੀ. ਦਾ ਟਰੀਟਡ ਪਾਣੀ ਦਾ ਡਿਸਪੋਜ਼ਲ ਵੀ ਨਹੀ ਹੋ ਰਿਹਾ। ਇਹ ਐਸ.ਟੀ.ਪੀ. ਪੰਜਾਬ ਵਾਟਰ ਸਪਲਾਈ ਸੀਵਰੇਜ਼ ਬੋਰਡ ਵਲੋਂ ਟੇਕਓਵਰ ਕੀਤਾ ਜਾਣਾ ਹੈ ਅਤੇ ਨਗਰ ਕੌਂਸਲ ਵਲੋ ਸੀਵਰੇਜ਼ ਬੋਰਡ ਨੂੰ ਇਹਨਾਂ ਐਸ.ਟੀ.ਪੀ. ਨੂੰ ਟੇਕਓਵਰ ਕਰਨ ਲਈ ਪੱਤਰ ਵੀ ਲਿਖੇ ਜਾ ਚੁੱਕੇ ਹਨ। ਪ੍ਰੰਤੂ ਸੀਵਰੇਜ਼ ਬੋਰਡ ਵਲੋਂ ਹਾਲੇ ਤੱਕ ਇਸ ਸਬੰਧੀ ਕੋਈ ਕਦਮ ਨਹੀ ਚੁੱਕੇ ਗਏ ਹਨ।

ਇਸ ਤਰ੍ਹਾਂ ਹੀ ਨਗਰ ਕੌਂਸਲ ਸਾਹਨੇਵਾਲ ਦੇ ਕਾਰਜ ਸਾਧਕ ਅਫਸਰ ਵਲੋਂ ਵੀ ਦੱਸਿਆ ਗਿਆ ਕਿ ਕੌਂਸਲ ਦੀ ਹਦੂਦ ਅੰਦਰ ਵਾਟਰ ਸਪਲਾਈ ਅਤੇ ਸੀਵਰੇਜ਼ ਦੀ ਮੈਨਟੈਨੈਂਸ ਦਾ ਕੰਮ ਸਰਕਾਰ ਵਲੋਂ ਜਾਰੀ ਹਦਾਇਤਾਂ ਅਨੁਸਾਰ ਮਹਿਕਮਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵਲੋ ਕੀਤਾ ਜਾਣਾ ਹੈ। ਨਗਰ ਕੌਂਸਲ ਸਾਹਨੇਵਾਲ ਵਿਖੇ ਲੱਗੇ ਐਸ.ਟੀ.ਪੀ. ਅਤੇ ਟਿਊਬਵੈੱਲਾਂ ਦੇ ਬਿਜਲੀ ਦੇ ਬਿਲ ਨਗਰ ਕੌਂਸਲ ਸਾਹਨੇਵਾਲ, ਦੇ ਪੈਡਿੰਗ ਚੱਲੇ ਆ ਰਹੇ ਹਨ. ਕਿਉਂਕਿ ਪੰਜਾਬ, ਵਾਟਰ ਸਪਲਾਈ ਸੀਵਰੇਜ਼ ਬੋਰਡ, ਵਲੋਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੁਨੈਕਸ਼ਨ ਜਾਰੀ ਕਰਨ ਉਪਰੰਤ ਵੀ ਰਿਕਵਰੀ ਨਹੀ ਕੀਤੀ ਜਾ ਰਹੀ ਹੈ।

ਇਸ ਤਰ੍ਹਾਂ ਹੀ ਕਾਰਜ ਸਾਧਕ ਅਫਸਰ, ਨਗਰ ਕੌਂਸਲ ਮੁਲਾਂਪੁਰ ਦਾਖਾ , ਮਲੋਦ , ਪਾਇਲ ਆਦਿ ਨੇ ਵੀ ਆਪਣੀਆਂ ਮੁਸ਼ਕਿਲਾਂ ਬਾਰੇ ਦੱਸਿਆ ਕਿ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵਲੋਂ ਪਾਣੀ ਅਤੇ ਸੀਵਰੇਜ਼ ਸਕੀਮਾਂ ਨੂੰ ਟੇਕਓਵਰ ਨਹੀ ਕੀਤਾ ਜਾ ਰਿਹਾ ਹੈ। ਜਿਸ ਕਾਰਣ ਨਗਰ ਕੌਂਸਲਾਂ ਵਿਚ ਮੁਸ਼ਕਿਲਾਂ ਵੱਧ ਰਹੀਆਂ ਹਨ।

ਮੀਟਿੰਗ ਵਿਚ ਮੌਜੂਦ ਐਸ.ਡੀ.ਓ., ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ, ਮੰਡਲ-1, ਲੁਧਿਆਣਾ ਨੂੰ ਇਸ ਸਬੰਧੀ ਜਦੋ ਪੁੱਛਿਆ ਗਿਆ ਤਾਂ ਉਹਨਾਂ ਵਲੋਂ ਉੱਚ ਅਧਿਕਾਰੀਆਂ ਵਲੋ ਫੈਸਲਾ ਲਏ ਜਾਣ ਦਾ ਜ਼ਿਕਰ ਕੀਤਾ ਗਿਆ । ਉਹਨਾਂ ਵਲੋਂ ਕਿਹਾ ਗਿਆ ਨਗਰ ਕੌਂਸਲਾਂ ਵਿਚ ਲੱਗੇ ਐਸ.ਟੀ.ਪੀ. ਸੀਵਰੇਜ਼ ਬੋਰਡ ਵਲੋਂ ਜੋ ਟੇਕਓਵਰ ਕੀਤੇ ਜਾਣੇ ਹਨ, ਉਸ ਦਾ ਫੈਸਲਾ ਉਚ ਅਧਿਕਾਰੀਆਂ ਵਲੋਂ ਲਿਆ ਜਾਣਾ ਹੈ।

ਮਾਨਯੋਗ ਡਿਪਟੀ ਕਮਿਸ਼ਨਰ,ਲੁਧਿਆਣਾ ਜੀ ਵਲੋਂ ਆਪਣੀ ਮੀਟਿੰਗ ਵਿਚ ਦਿੱਤੇ ਗਏ ਨਿਰਦੇਸ਼ ਅਨੁਸਾਰ, ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਮੁਸ਼ਕਿਲਾਂ ਸਬੰਧੀ ਜਲਦੀ ਕਾਰਵਾਈ ਕਰਨ ਦੀ ਖੇਚਲ ਕੀਤੀ ਜਾਵੇ ਜੀ ਤਾਂ ਜੋ ਜਿਲਾ ਲੁਧਿਆਣਾ ਅੰਦਰ ਪੈਂਦੀਆਂ ਨਗਰ ਕੌਂਸਲਾਂ/ਨਗਰ ਪੰਚਾਇਤਾਂ ਵਿਚ ਸੀਵਰੇਜ਼ ਅਤੇ ਪਾਣੀ ਦੀਆਂ ਸਮੱਸਿਆਵਾਂ ਨੂੰ ਖਤਮ ਕੀਤਾ ਜਾ ਸਕੇ।

ਡਿਪਟੀ ਡਾਇਰੈਕਟਰ,
ਅਰਬਨ ਲੋਕਲ ਬਾਡੀਜ਼,ਲੁਧਿਆਣਾ।

ਪਿਠ ਅੰਕਣ ਨੰਬਰ ਡਡਸਸ-ਸ3//2017/ ਮਿਤੀ

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1) ਮਾਨਯੋਗ ਵਧੀਕ ਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ।
2) ਮਾਨਯੋਗ ਡਿਪਟੀ ਕਮਿਸ਼ਨਰ, ਲੁਧਿਆਣਾ।
3) ਏ.ਸੀ.ਏ. ਗਲਾਡਾ, ਲੁਧਿਆਣਾ।
4) ਕਾਰਜਕਾਰੀ ਇੰਜੀਨਿਅਰ, ਪੰਜਾਬ ਅਤੇ ਵਾਟਰ ਸਪਲਾਈ ਸੀਵਰੇਜ਼ ਬੋਰਡ, ਮੰਡਲ-1, ਲੁਧਿਆਣਾ।
5) ਕਾਰਜ ਸਾਧਕ ਅਫਸਰ, ਨਗਰ ਕੌਂਸਲਾਂ/ਨਗਰ ਪੰਚਾਇਤਾਂ, ਜਿਲਾ ਲੁਧਿਆਣਾ।

Sd-
ਡਿਪਟੀ ਡਾਇਰੈਕਟਰ

# ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ. ਬੋਰਡ
## ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ

ਪਿੱਠ ਅੰਕਣ ਨੰ: ਪਵਸਸਬ-2017/ਵ-3/ 25905-06 ਮਿਤੀ : 08.11.2017

ਉਪਰੋਕਤ ਦੀ ਨਕਲ ਸਮੇਤ ਸਹਿਲਗ ਹੇਠ ਲਿਖਿਆ

1) ਮੁੱਖ ਇੰਜੀਨੀਅਰ (ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ
2) ਨਿਗਰਾਨ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ ਹਲਕਾ, ਲੁਧਿਆਣਾ

ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਮਾਮਲੇ ਤੇ ਆਪਣੀ ਟਿੱਪਣੀ ਇਸ ਦਫਤਰ ਨੂੰ ਭੇਜੀ ਜਾਵੇ। ਟਿੱਪਣੀ ਭੇਜਣ ਸਮੇਂ ਤਕਨੀਕੀ/ਵਿੱਤੀ ਪੱਖਾਂ ਨੂੰ ਧਿਆਨ ਨੱਥੀ/ਉਕਤ ਅਨੁਸਾਰ ਵਿੱਚ ਰੱਖਿਆ ਜਾਵੇ।

ਕਾਰਜਕਾਰੀ ਇੰਜੀਨੀਅਰ(ਵ)

8/11/17